# ਨੌਜਵਾਨ ਟ੍ਰਾਂਜੀਸ਼ਨ ਕਾਨਫਰੰਸਾਂ



## ਨੌਜਵਾਨ ਟ੍ਰਾਂਜੀਸ਼ਨ ਕਾਨਫਰੰਸਾਂ (YTCs) ਕੀ ਹੁੰਦੇ ਹਨ?

ਨੌਜਵਾਨ ਟ੍ਰਾਂਜੀਸ਼ਨ ਕਾਨਫਰੰਸਾਂ (YTCs) ਉਹ ਮੀਟਿੰਗਾਂ ਹੁੰਦੀਆਂ ਹਨ ਜਿੱਥੇ ਇੱਕ ਨੌਜਵਾਨ, ਉਸਦਾ ਪਰਿਵਾਰ, ਅਤੇ ਹੋਰ ਸਹਾਇਤਾ ਕਰਨ ਵਾਲੇ ਲੋਕ ਇਹ ਯੋਜਨਾ ਬਣਾਉਂਦੇ ਹਨ ਕਿ ਨੌਜਵਾਨ ਨੂੰ ਫੋਸਟਰ ਕੇਅਰ ਨੂੰ ਛੱਡ ਕੇ ਬਾਹਰ ਜਾਣ ਅਤੇ ਬਾਲਗ਼ ਹੋਣ ਤੇ ਉਨ੍ਹਾਂ ਦੀ ਸਹਾਇਤਾ ਕਿਵੇਂ ਕੀਤੀ ਜਾਵੇ। YTCs ਇੱਕ ਫੈਸਿਲੀਟੇਟਰ ਅਤੇ ਨੌਜਵਾਨ ਦੁਆਰਾ ਚਲਾਈਆਂ ਜਾਂਦੀਆਂ ਹਨ।



## YTCs ਦੇ ਕੀ ਫਾਇਦੇ ਹੁੰਦੇ ਹਨ?



ਪਰਿਵਾਰ ਅਤੇ ਹੋਰ ਸਹਾਇਤਾ ਕਰਨ ਵਾਲੇ ਲੋਕਾਂ ਨਾਲ ਮਿਲਕੇ ਯੋਜਨਾ ਬਣਾਉਣਾ



ਫੈਸਲੇ ਲੈਣ ਦੀ ਪਰਕਿਰਿਆ ਵਿੱਚ ਆਪਣੀ ਰਾਏ ਰੱਖਣਾ



ਪਰਿਵਾਰ ਅਤੇ ਭਾਈਚਾਰੇ ਦੇ ਮੈਂਬਰਾਂ ਨਾਲ ਦੁਬਾਰਾ ਜੁੜਨਾ



ਵਿਕਲਪਾਂ ਬਾਰੇ ਚਰਚਾ ਕਰਨ ਲਈ ਲੋਕਾਂ ਨੂੰ ਇਕੱਠਾ ਕਰਨਾ



ਨੌਜਵਾਨ ਦੀ ਸਹਾਇਤਾ ਲਈ ਇੱਕ ਯੋਜਨਾ ਬਣਾਉਣਾ

MediateBC

# ਅਕਸਰ ਪੁੱਛੇ ਜਾਣ ਵਾਲੇ ਸਵਾਲ

## YTCs ਦੀ ਵਰਤੋਂ ਕਦੋਂ ਕੀਤੀ ਜਾ ਸਕਦੀ ਹੈ?

- ਆਮ ਤੌਰ 'ਤੇ ਜਦੋਂ ਇੱਕ ਨੌਜਵਾਨ 16-18 ਸਾਲਾਂ ਦੀ ਉਮਰ ਦਾ ਹੁੰਦਾ ਹੈ ਅਤੇ ਅਗਲੇ ਕੁਝ ਸਾਲਾਂ ਵਿੱਚ ਫੋਸਟਰ ਕੇਅਰ ਛੱਡ ਰਿਹਾ ਹੋਵੇ।
- ਯੋਜਨਾਬੰਦੀ ਨੂੰ ਜਾਰੀ ਰੱਖਣ ਲਈ ਕਈ ਵਾਰ YTCs ਕੀਤੇ ਜਾ ਸਕਦੇ ਹਨ।

## YTC ਦਾ ਕਿੰਨਾ ਖਰਚਾ ਹੁੰਦਾ ਹੈ?

- ਸਾਰੇ ਭਾਗੀਦਾਰਾਂ ਲਈ ਮੁਫ਼ਤ
- ਵਾਧੂ ਖਰਚੇ (ਜਿਵੇਂ ਕਿ ਬੱਚਿਆਂ ਦੀ ਦੇਖਭਾਲ, ਆਵਾਜਾਈ, ਤਕਨਾਲੋਜੀ) ਨੌਜਵਾਨ ਦੇ ਸੋਸ਼ਲ ਵਰਕਰ ਦੁਆਰਾ ਕਵਰ ਕੀਤੇ ਜਾ ਸਕਦੇ ਹਨ।

## ਤੁਸੀਂ YTC ਕਿਵੇਂ ਸ਼ੁਰੂ ਕਰ ਸਕਦੇ ਹੋ?

ਤੁਸੀਂ ਇਹ ਕਰ ਸਕਦੇ ਹੋ:

- ਆਪਣੇ ਸੋਸ਼ਲ ਵਰਕਰ ਨੂੰ ਦੱਸੋ ਕਿ ਤੁਹਾਨੂੰ YTC ਵਿੱਚ ਦਿਲਚਸਪੀ ਹੈ
- ਕਿਸੇ ਸਹਾਇਤਾ ਕਰਨ ਵਾਲੇ ਵਿਅਕਤੀ ਤੋਂ ਸਹਾਇਤਾ ਮੰਗੋ
- ਮੀਡੀਏਟ BC ਵਿਖੇ ਇੱਕ ਨੈਵੀਗੇਟਰ ਨੂੰ 1-877-656-1300 ਐਕਸਟੈਂਸ਼ਨ 104 'ਤੇ ਸੰਪਰਕ ਕਰੋ ਜਾਂ navigator@mediatebc.com 'ਤੇ ਈਮੇਲ ਕਰੋ।